**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ,**
**ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ**

ਵੱਲ :

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.), ਪੰਜਾਬ
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ

ਮੀਮੋ ਨੰ :- ਸਸਅ/2015/ਐਮ.ਆਈ.ਐਸ./ਈ-ਪੰਜਾਬ/ 2015 11758
ਮਿਤੀ : ਚੰਡੀਗੜ੍ਹ 24 ਜੁਲਾਈ, 2015

ਵਿਸ਼ਾ : **ਸਿੱਖਿਆ ਵਿਭਾਗ ਅਧੀਨ ਕੰਮ ਕਰਦੇ ਸਮੂਹ ਅਮਲੇ ਦੇ ਆਧਾਰ ਨੰਬਰ epunjabschool.gov.in ਪੋਰਟਲ ਉੱਤੇ ਅੱਪਡੇਟ ਕਰਵਾਉਣ ਸਬੰਧੀ।**

ਸਿੱਖਿਆ ਵਿਭਾਗ ਵਲੋਂ ਬਣਾਏ ਪੋਰਟਲ epunjabschool.gov.in ਉੱਤੇ ਸਕੂਲਾਂ, ਸਿਖਲਾਈ ਸੰਸਥਾਵਾਂ, ਜਿਲ੍ਹਾ ਅਤੇ ਬਲਾਕ ਦਫਤਰਾਂ ਦੇ ਅਮਲੇ ਦੀ ਜਾਣਕਾਰੀ ਪਹਿਲਾਂ ਹੀ ਕਾਫੀ ਹੱਦ ਤੱਕ ਅਪਡੇਟ ਕਰ ਦਿੱਤੀ ਗਈ ਹੈ। ਜਿਨ੍ਹਾਂ ਸੰਸਥਾਵਾਂ ਵਲੋਂ ਆਪਣੇ ਅਧੀਨ ਆਉਂਦੇ ਅਮਲੇ ਦੀ ਜਾਣਕਾਰੀ ਅਜੇ ਤੱਕ ਇਸ ਪੋਰਟਲ ਉੱਤੇ ਅਪਡੇਟ ਨਹੀਂ ਕੀਤੀ ਗਈ ਹੈ ਉਨ੍ਹਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਹਰ ਹਾਲਤ ਵਿਚ ਆਪਣੇ ਅਧੀਨ **ਅਮਲੇ ਦੀ ਜਾਣਕਾਰੀ ਮਿਤੀ 31-07-2015 ਤੱਕ ਇਸ ਪੋਰਟਲ ਉੱਤੇ ਅਪਡੇਟ ਕਰਵਾਉਣ** ਅਤੇ ਤੁਰੰਤ ਆਡਰ ਜਾਰੀ ਕਰਕੇ ਕਿਸੇ ਇੱਕ ਅਧਿਕਾਰੀ ਨੂੰ ਨੋਡਲ ਇੰਚਾਰਜ ਬਣਾਇਆ ਜਾਵੇ ਜਿਸ ਵਲੋਂ ਇਸ ਜਾਣਕਾਰੀ ਨੂੰ ਸਮੇਂ ਸਮੇਂ ਸਿਰ ਅਪਡੇਟ ਕੀਤਾ ਜਾਵੇਗਾ।

ਉਪਰੋਕਤ ਤੋਂ ਇਲਾਵਾ **ਸਮੂਹ ਮੰਡਲ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰ, ਡਾਇਟ ਅਤੇ ਜੀ.ਆਈ.ਐਸ.ਟੀ.ਸੀ. ਪ੍ਰਿੰਸੀਪਲ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ** ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧੀਨ ਆਉਂਦੇ ਅਮਲੇ ਦੀ ਜਾਣਕਾਰੀ ਪੋਰਟਲ ਉੱਤੇ ਅਪਡੇਟ ਕਰਵਾਉਣ ਦੇ ਨਾਲ ਨਾਲ **ਸਮੂਹ ਸਟਾਫ ਦੇ ਆਧਾਰ ਨੰਬਰ ਵੀ ਇਸ ਪੋਰਟਲ ਉੱਤੇ ਅਪਡੇਟ ਕਰਵਾਉਣ**। ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੇ ਆਧਾਰ ਕਾਰਡ ਅਜੇ ਤੱਕ ਨਹੀਂ ਬਣੇ ਹਨ ਉਨ੍ਹਾਂ ਨੂੰ ਆਧਾਰ ਇੰਨਰੋਲਮੈਂਟ ਕਰਵਾਉਣ ਲਈ ਹਦਾਇਤ ਕੀਤੀ ਜਾਵੇ ਅਤੇ ਆਧਾਰ ਬਨਾਉਣ ਵਾਲੀਆਂ ਅਜੰਸੀਆਂ ਦੀ ਲਿਸਟ ਪਹਿਲਾਂ ਹੀ ਈਪੰਜਾਬਸਕੂਲ ਪੋਰਟਲ ਉੱਤੇ ਅਪਲੋਡ ਕਰ ਦਿੱਤੀ ਗਈ ਹੈ।

ਵਿਭਾਗ ਵਲੋਂ ਜਲਦ ਹੀ ਕਈ ਨਵੀਆਂ ਆਨਲਾਈਨ ਸਹੂਲਤਾਂ ਅਧਿਕਾਰੀਆਂ/ਕਰਮਚਾਰੀਆਂ ਲਈ ਅਮਲ ਵਿਚ ਲਿਆਉਂਦੀਆਂ ਜਾ ਰਹੀਆਂ ਹਨ ਅਤੇ ਜੇਕਰ ਕਿਸੇ ਅਧਿਕਾਰੀ/ ਕਰਮਚਾਰੀ ਦਾ ਆਧਾਰ ਕਾਰਡ ਨਾ ਬਣਿਆ ਹੋਇਆ ਤਾਂ ਉਸ ਨੂੰ ਇਨ੍ਹਾਂ ਸਹੂਲਤਾਂ ਦੇ ਲਾਭ ਤੋਂ ਵਾਂਝਾ ਰਹਿਣਾ ਪੈ ਸਕਦਾ ਹੈ।

**ਇਸ ਕੰਮ ਨੂੰ ਅਤਿ ਜਰੂਰੀ ਸਮਝਿਆ ਜਾਵੇ।**

ਪ੍ਰਦੀਪ ਕੁਮਾਰ ਅੱਗਰਵਾਲ, ਆਈ.ਏ.ਐਸ.
**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਆਪਣੇ ਅਧੀਨ ਆਉਂਦੇ ਅਦਾਰੀਆਂ ਨੂੰ ਇਸ ਸਬੰਧੀ ਯੋਗ ਕਾਰਵਾਈ ਲਈ ਹਦਾਇਤਾਂ ਜਾਰੀ ਕਰਨ ਹਿੱਤ ਭੇਜਿਆ ਜਾਂਦਾ ਹੈ :-**

1) ਡੀ.ਪੀ.ਆਈ. (ਸੈ.ਸਿ.), ਪੰਜਾਬ
2) ਡੀ.ਪੀ.ਆਈ. (ਐ.ਸਿ.), ਪੰਜਾਬ
3) ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ